Media Release

ਤੁਰੰਤ ਰਿਲੀਜ ਲਈ

# ਬਸੰਤ ਦੇ ਸੀਜਨ ਦੀ ਸ਼ੁਰੂਆਤ ਸੀਡੀ ਸੈਟਰਡੇ ਅਤੇ ਗਾਰਡਨ ਸ਼ੋ ਨਾਲ ਕਰੋ

ਬ੍ਰੈਂਪਟਨ, ਓਨਟੈਰੀਓ (18 ਫਰਵਰੀ, 2020) – ਬਸੰਤ ਸੀਜਨ ਆਉਣ ਵਾਲਾ ਹੈ। ਨਾਲ ਹੀ ਸਿਟੀ ਆਫ ਬ੍ਰੈਂਪਟਨ ਦਾ 8ਵਾਂ ਸਾਲਾਨਾ ਸੀਡੀ ਸੈਟਰਡੇ (Seedy Saturday) ਅਤੇ ਗਾਰਡਨ ਸ਼ੋ (Garden Show) ਵੀ ਸ਼ੁਰੂ ਹੋਣ ਵਾਲਾ ਹੈ!

ਇਸ ਸਾਲ ਦਾ ਸੀਡੀ ਸੈਟਰਡੇ ਅਤੇ ਗਾਰਡਨ ਸ਼ੋ ਸ਼ਨੀਵਾਰ, 29 ਫਰਵਰੀ ਨੂੰ ਸਵੇਰੇ 10 ਵਜੇ ਤੋਂ ਦੁਪਹਿਰ ਬਾਅਦ 3 ਵਜੇ ਤੱਕ, ਸੈਂਚੁਰੀ ਗਾਰਡਨਸ ਰੇਕ੍ਰੀਏਸ਼ਨ ਸੈਂਟਰ ਔਡੀਟੋਰੀਅਮ (Century Gardens Recreation Centre Auditorium) ਵਿੱਚ ਹੋਵੇਗਾ। ਭਾਵੇਂ ਤੁਸੀਂ ਬਾਗਬਾਨੀ ਵਿੱਚ ਨਵੇਂ ਹੋ ਜਾਂ ਤੁਹਾਨੂੰ ਇਸਦਾ ਅਨੁਭਵ ਹੈ, ਇਸ ਪਰਿਵਾਰ-ਅਨੁਕੂਲਿਤ ਕਾਰਜਕਰਮ ਵਿੱਚ ਸਾਰਿਆਂ ਦਾ ਸੁਆਗਤ ਹੈ।

30 ਤੋਂ ਵੱਧ ਪ੍ਰਦਰਸ਼ਕਾਂ ਦੇ ਨਾਲ, ਸ਼ਾਮਲ ਹੋਣ ਵਾਲਿਆਂ ਕੋਲ ਮਾਹਰਾਂ ਤੋਂ ਰਾਏ ਲੈਣ, ਬਾਗਬਾਨੀ ਸਬੰਧੀ ਜਾਣਕਾਰੀ ਪ੍ਰਾਪਤ ਕਰਨ, ਬੀਜ ਸਾਂਝੇ ਕਰਨ, ਅਦਲਾ-ਬਦਲੀ ਕਰਨ ਅਤੇ ਖਰੀਦਣ, ਬਾਗਬਾਨੀ ਭਾਈਚਾਰਿਆਂ ਨਾਲ ਜੁੜਨ, ਕਿਡਜ਼ ਜ਼ੋਨ (Kids' Zone) ਵਿੱਚ ਘੁੰਮਣ ਅਤੇ ਸੀਡੀ ਕੈਫੇ (Seedy Café) ਦਾ ਮਜ਼ਾ ਲੈਣ ਦਾ ਮੌਕਾ ਹੋਵੇਗਾ।

ਬਾਗਬਾਨੀ ਸਬੰਧੀ ਮਾਹਰ ਪੂਰਾ ਦਿਨ ਚਾਰ ਸੈਮੀਨਾਰਾਂ ਦੀ ਮੇਜਬਾਨੀ ਵੀ ਕਰਨਗੇ:

- ਸਵੇਰੇ 10:30 ਵਜੇ ਤੋਂ 11:15 ਵਜੇ ਤੱਕ, ਨੈਂਸੀ ਲੋਟੇਚਕੀ-ਨੀਲੀ, ਜ਼ੀਰੋ ਵੇਸਟ ਕੈਲਡਨ (Nancy Lotecki-Neely, Zero Waste Caledon), "ਵਾਏ ਵੇਸਟ ਮੈਟਰਸ" ("Why Waste Matters")
- ਸਵੇਰੇ 11:30 ਵਜੇ ਤੋਂ ਦੁਪਹਿਰ 12:15 ਵਜੇ ਤੱਕ, ਏਮਾ ਬਿਗਸ, ਬਾਗਬਾਨੀ ਲੇਖਿਕਾ ਅਤੇ ਬ੍ਰੌਡਕਾਸਟਰ (Emma Biggs, horticultural writer and broadcaster), "ਗਾਰਡਨਿੰਗ ਵਿਦ ਏਮਾ" ("Gardening with Emma")
- ਦੁਪਹਿਰ 12:30 ਵਜੇ ਤੋਂ ਦੁਪਹਿਰ ਬਾਅਦ 1:15 ਵਜੇ ਤੱਕ, ਬ੍ਰਾਇਨ ਮਿਲਵਾਰਡ, ਸਟੀਵਾਰਡਸ਼ਿਪ ਕੋਆਰਡੀਨੇਟਰ, ਲੋਕਲ ਐਨਹੈਂਸਮੈਂਟ ਐਂਡ ਐਪਰੀਸ਼ਿਏਸ਼ਨ ਆਫ ਫੋਰੈਸਟਸ (ਐਲ.ਈ.ਏ.ਐਫ.) (Brian Millward, Stewardship Coordinator, Local Enhancement and Appreciation of Forests (LEAF)), "ਟ੍ਰੀਜ, ਬੀਜ ਐਂਡ ਅਦਰ ਥਿੰਗਸ" ("Trees, Bees & Other Things")
- ਦੁਪਹਿਰ ਬਾਅਦ 1:30 ਵਜੇ ਤੋਂ 2:15 ਵਜੇ ਤੱਕ, ਸਟੀਵਨ ਬਿਗਸ, ਬਾਗਬਾਨੀ ਲੇਖਕ ਅਤੇ ਬ੍ਰੌਡਕਾਸਟਰ (Steven Biggs, horticultural writer and broadcaster), "ਐਡੀਬਲਸ ਇਨ ਅਰਬਨ ਲੈਂਡਸਕੇਪਸ" ("Edibles in Urban Landscapes")

ਇਸ ਵਿੱਚ ਪ੍ਰਵੇਸ਼ ਮੁਫ਼ਤ ਹੈ ਅਤੇ ਪਹਿਲੇ 100 ਵਿਜੀਟਰਾਂ ਨੂੰ ਇੱਕ ਮੁਫ਼ਤ ਪੌਦਾ ਮਿਲੇਗਾ।

ਇਹ ਕਾਰਜਕਰਮ ਪੇਸ਼ਕਾਰ ਸਪਾਂਸਰ ਰੇਵੇਰਾ ਇੰਕ. (Revera Inc.) ਦੇ ਨਾਲ, ਬ੍ਰੈਂਪਟਨ ਹੋਰਟੀਕਲਚਰਲ ਸੋਸਾਇਟੀ (Brampton Horticultural Society) ਦੀ ਭਾਈਵਾਲੀ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ ਅਤੇ ਸੀਡਸ ਆਫ ਡਾਇਵਰਸਿਟੀ (Seeds of Diversity) ਵੱਲੋਂ ਸਮਰਥਿਤ ਹੈ, ਜੋ ਖੇਤੀਬਾੜੀ ਅਤੇ ਬਾਗਬਾਨੀ ਸਬੰਧੀ ਬਾਇਓਡਾਇਵਰਸਿਟੀ ਦੀ ਸੰਭਾਲ ਲਈ ਸਮਰਪਿਤ ਕੈਨੇਡਿਅਨ ਚੈਰੀਟੇਬਲ ਸੰਗਠਨ ਹੈ।

ਵੇਰਵਿਆਂ ਲਈ www.brampton.ca/parks ਤੇ ਜਾਓ।

**ਹਵਾਲੇ**

"ਬ੍ਰੈਂਪਟਨ ਇੱਕ ਹਰਿਆ-ਭਰਿਆ ਸ਼ਹਿਰ ਹੈ। ਸੀਡੀ ਸੈਟਰਡੇ ਅਤੇ ਗਾਰਡਨ ਸ਼ੋ ਜਿਹੇ ਵਾਤਾਵਰਣ ਸਬੰਧੀ ਕਾਰਜਕਰਮ, ਸਾਡੀ ਬਾਇਓਡਾਇਵਰਸਿਟੀ ਦੇ ਮਹੱਤਵ ਬਾਰੇ ਸੁਚੇਤਤਾ ਵਧਾਉਣ ਲਈ ਮਹੱਤਵਪੂਰਣ ਹਨ। ਇੰਡਸਟਰੀ ਦੇ ਮਾਹਰਾਂ ਵੱਲੋਂ ਸਾਂਝੇ ਕੀਤੇ ਜਾਣ ਵਾਲੇ ਸੁਝਾਵਾਂ ਤੋਂ ਲੈ ਕੇ ਕਿਡਜ਼ ਜ਼ੋਨ ਤੱਕ, ਜਿੱਥੇ

ਬੱਚੇ ਭੋਜਨ ਸਬੰਧੀ ਸਥਿਰਤਾ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ, ਇਹ ਕਾਰਜਕਰਮ ਯਕੀਨੀ ਤੌਰ ਤੇ ਹਰ ਉਮਰ ਦੇ ਲੋਕਾਂ ਲਈ ਰੋਮਾਂਚਕ ਅਤੇ ਜਾਣਕਾਰੀ ਨਾਲ ਭਰਪੂਰ ਹੋਵੇਗਾ!"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਪਿਛਲੇ ਸਾਲ, ਸੀਡੀ ਸੈਟਰਡੇ ਅਤੇ ਗਾਰਡਨ ਸ਼ੋ ਵਿੱਚ 1,100 ਤੋਂ ਵੱਧ ਲੋਕ ਸ਼ਾਮਲ ਹੋਏ ਸਨ। ਮੈਂ ਹਰ ਕਿਸੇ ਨੂੰ ਸ਼ਾਮਲ ਹੋਣ ਅਤੇ ਬਸੰਤ ਸੀਜ਼ਨ ਦੇ ਪੌਦਿਆਂ ਬਾਰੇ ਅਤੇ ਇਸ ਬਾਰੇ ਜਾਣਨ ਲਈ ਉਤਸ਼ਾਹਿਤ ਕਰਦਾ ਹਾਂ ਕਿ ਤੁਸੀਂ ਬ੍ਰੈਂਪਟਨ ਨੂੰ ਹਰਿਆ-ਭਰਿਆ ਰੱਖਣ ਲਈ ਕੀ ਕਰ ਸਕਦੇ ਹੋ, ਖਾਸ ਕਰਕੇ, ਜੇਕਰ ਤੁਹਾਡੇ ਅੰਦਰ ਪੌਦੇ ਉਗਾਉਣ ਦੀ ਕੁਦਰਤੀ ਪ੍ਰਤਿਭਾ ਹੈ।"

- *ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ ਅਤੇ ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਹੋਰਟੀਕਲਚਰਲ ਸੋਸਾਇਟੀ ਇੱਕ ਵਾਰ ਫਿਰ 8ਵੇਂ ਸਾਲਾਨਾ ਸੀਡੀ ਸੈਟਰਡੇ ਅਤੇ ਗਾਰਡਨ ਸ਼ੋ ਦਾ ਜਸ਼ਨ ਮਨਾਉਣ ਲਈ, ਸਿਟੀ ਆਫ ਬ੍ਰੈਂਪਟਨ ਨਾਲ ਭਾਈਵਾਲੀ ਕਰਨ ਲਈ ਉਤਸ਼ਾਹਿਤ ਹੈ। ਇਹ ਕਾਰਜਕਰਮ ਬਾਗਬਾਨੀ, ਵਾਤਾਵਰਣ ਸਬੰਧੀ ਸਥਿਰਤਾ ਅਤੇ ਸੰਭਾਲ ਬਾਰੇ ਹੈ, ਨਾਲ ਹੀ ਇਹ ਭਾਈਚਾਰਿਆਂ ਨੂੰ ਉਸ ਥਾਂ ਨੂੰ ਵਿਕਸਿਤ ਕਰਨ ਦੇ ਮਹੱਤਵ ਬਾਰੇ ਜਾਣਨ ਲਈ ਇਕੱਠੇ ਲਿਆਉਂਦਾ ਹੈ, ਜਿੱਥੇ ਉਹ ਰਹਿੰਦੇ ਹਨ।"

- *ਕੈਰੋਲ ਸਪਰਾਗੇਟ (Carole Spraggett), ਪ੍ਰੈਜ਼ੀਡੈਂਟ, ਬ੍ਰੈਂਪਟਨ ਹੋਰਟੀਕਲਚਰਲ ਸੋਸਾਇਟੀ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca